REPRESENTATIVE FOR
CHILDREN AND YOUTH
ਰੈਪਰੇਜ਼ਿਨਟੇਟਿਵ ਫਾਰ ਚਿਲਡਰਨ ਐਂਡ ਯੂਥ

# ਫਸਟ ਨੇਸ਼ਨਜ਼, ਮੇਟੀਸ ਅਤੇ ਇਨੂਇਟ ਨਾਲ ਸੰਬੰਧ
## ਤੱਥ ਸ਼ੀਟ

## ਟੀਚਾ

ਬੀ.ਸੀ. ਵਿਚ ਫਸਟ ਨੇਸ਼ਨਜ਼, ਮੇਟੀਸ, ਇਨੂਇਟ ਅਤੇ ਸ਼ਹਿਰੀ ਆਦਿਵਾਸੀ ਹਿੱਸੇਦਾਰਾਂ ਨਾਲ ਸੰਬੰਧ ਸਥਾਪਤ ਕਰਨਾ ਅਤੇ ਵਧਾਉਣਾ ਅਤੇ ਆਦਿਵਾਸੀ ਬੱਚਿਆਂ, ਜਵਾਨਾਂ, ਜਵਾਨ ਬਾਲਗਾਂ ਅਤੇ ਪਰਿਵਾਰਾਂ ਦੀ ਹਿਮਾਇਤ ਕਰਨਾ। ਅਜਿਹੀਆਂ ਸੇਵਾਵਾਂ ਅਤੇ ਮਦਦਾਂ ਨੂੰ ਉਤਸ਼ਾਹ ਦੇਣਾ ਜਿਹੜੀਆਂ ਫਸਟ ਨੇਸ਼ਨਜ਼, ਮੇਟੀਸ, ਇਨੂਇਟ ਅਤੇ ਸ਼ਹਿਰੀ ਆਦਿਵਾਸੀ ਜਵਾਨ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰਿਆਂ ਦੀਆਂ ਜ਼ਿੰਦਗੀਆਂ ਵਿਚ ਚਾਇਲਡ ਵੈਲਫੇਅਰ ਸਿਸਟਮ ਦੀ ਵੱਧ ਸ਼ਮੂਲੀਅਤ ਦਾ ਹੱਲ ਕਰਦੀਆਂ ਹਨ ਅਤੇ ਇਸ ਨੂੰ ਘਟਾਉਂਦੀਆਂ ਹਨ।

## ਜਮਾਂਦਰੂ ਹੱਕ

ਫਸਟ ਨੇਸ਼ਨਜ਼, ਮੇਟੀਸ ਅਤੇ ਇਨੂਇਟ ਬੱਚਿਆਂ ਨੂੰ ਆਪਣੇ ਪਰਿਵਾਰਾਂ, ਵੱਡੇ ਪਰਿਵਾਰਾਂ, ਰਿਸ਼ਤੇਦਾਰਾਂ ਅਤੇ ਭਾਈਚਾਰਿਆਂ ਵਿਚ ਮਦਦ ਕੀਤੇ ਜਾਣ ਦਾ ਜਮਾਂਦਰੂ ਹੱਕ ਹੈ। ਇਨ੍ਹਾਂ ਹੱਕਾਂ ਵਿਚ ਸਭਿਆਚਾਰਕ ਪਛਾਣ ਲਈ ਖਾਸ ਸਾਂਝਾ ਹੱਕ ਅਤੇ ਪ੍ਰੰਪਰਾਗਤ ਸੰਬੰਧਾਂ ਰਾਹੀਂ ਇਸ ਪਛਾਣ ਨੂੰ ਕਾਇਮ ਰੱਖੇ ਜਾਣ ਦਾ ਹੱਕ ਸ਼ਾਮਲ ਹੈ ਜਿਹੜੀ ਸਾਂਝ ਉਨ੍ਹਾਂ ਦੀ ਜੱਦੀ ਇਲਾਕਿਆਂ ਨਾਲ ਮੁੱਢ-ਕਦੀਮੀ ਸਮੇਂ ਤੋਂ ਮੌਜੂਦ ਹੈ।




## ਬੀ.ਸੀ. ਵਿਚ ਆਦਿਵਾਸੀ ਬੱਚਿਆਂ ਦੀ ਭਲਾਈ ਦਾ ਸੰਦਰਭ

- ਬਹੁਤ ਸਾਰੀਆਂ ਫੈਡਰਲ ਅਤੇ ਸੂਬਾਈ ਨੀਤੀਆਂ ਨੇ ਫਸਟ ਨੇਸ਼ਨਜ਼, ਮੇਟੀਸ ਅਤੇ ਇਨੂਇਟ ਬੱਚਿਆਂ, ਜਵਾਨਾਂ ਅਤੇ ਪਰਿਵਾਰਾਂ ਦਾ ਬੇਹੱਦ ਨੁਕਸਾਨ ਕੀਤਾ ਹੈ, ਜਿਸ ਵਿਚ ਰੈਜ਼ੀਡੈਂਸ਼ਲ ਸਕੂਲਾਂ ਵਲੋਂ ਕੀਤੀ ਗਈ ਸਭਿਆਚਾਰਕ ਨਸਲਕੁਸ਼ੀ ਵੀ ਸ਼ਾਮਲ ਹੈ ਜਿਸ ਨੇ ਸਿਕਸਟੀਜ਼ ਸਕੂਪ ਅਤੇ ਬੱਚਿਆਂ ਦੀ ਭਲਾਈ ਦੇ ਜਾਰੀ ਰਹਿਣ ਵਾਲੇ ਸੰਕਟ ਵਿਚ ਯੋਗਦਾਨ ਪਾਇਆ।
- ਫਸਟ ਨੇਸ਼ਨਜ਼, ਮੇਟੀਸ ਅਤੇ ਇਨੂਇਟ ਬੱਚੇ ਅਤੇ ਜਵਾਨ ਬੀ.ਸੀ. ਦੇ ਬੱਚਿਆਂ ਅਤੇ ਜਵਾਨਾਂ ਦਾ 8% ਹਨ ਜਦ ਕਿ ਉਹ ਕੇਅਰ ਵਿਚਲੇ ਬੱਚਿਆਂ ਦਾ ਤਕਰੀਬਨ 66% ਬਣਦੇ ਹਨ।
- 24 ਅਬਰਿਜਨਲ ਏਜੰਸੀਆਂ ਫਸਟ ਨੇਸ਼ਨਜ਼, ਮੇਟੀਸ ਅਤੇ ਇਨੂਇਟ ਬੱਚਿਆਂ, ਜਵਾਨਾਂ ਅਤੇ ਪਰਿਵਾਰਾਂ ਨੂੰ ਬੀ.ਸੀ. ਭਰ ਵਿਚ ਸੇਵਾਵਾਂ ਦਿੰਦੀਆਂ ਹਨ।
- ਬੀ.ਸੀ. ਭਰ ਵਿਚ ਨੇਸ਼ਨਜ਼ ਸਰਗਰਮੀ ਨਾਲ ਬੱਚਿਆਂ ਦੀ ਭਲਾਈ ਦੇ ਕੰਟਰੋਲ ਦੀ ਦੁਬਾਰਾ ਸ਼ੁਰੂਆਤ ਲਈ ਯਤਨ ਕਰ ਰਹੀਆਂ ਹਨ ਜੋ ਕਿ *ਫਸਟ ਨੇਸ਼ਨਜ਼, ਇਨੂਇਟ ਅਤੇ ਮੇਟੀਸ ਬੱਚਿਆਂ, ਜਵਾਨਾਂ ਅਤੇ ਪਰਿਵਾਰਾਂ ਨਾਲ ਸੰਬੰਧਿਤ ਫੈਡਰਲ ਐਕਟ* ਅਤੇ ਮਨਿਸਟਰੀ ਔਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨਾਲ ਐਗਰੀਮੈਂਟਾਂ ਨਾਲ ਯੋਗ ਹੋਇਆ ਹੈ।

## ਟੀਮ

- ਆਰ ਸੀ ਵਾਈ ਦੀ *ਡੈਕਲਾਰੇਸ਼ਨ ਔਨ ਦਿ ਰਾਈਟਸ ਔਫ ਇਨਡਿਜਨੈੱਸ ਪੀਪਲਜ਼ ਐਕਟ, ਯੂ ਐੱਨ ਡੈਕਲਾਰੇਸ਼ਨ ਔਨ ਦਿ ਰਾਈਟਸ ਔਫ ਇਨਡਿਜਨੈੱਸ ਪੀਪਲ* ਨੂੰ ਕਾਇਮ ਰੱਖਣ ਲਈ ਵਚਨਬੱਧਤਾ ਅਤੇ ਐਕਸ਼ਨ ਅਤੇ ਇਨਸਾਫ਼ ਲਈ ਸੱਦਿਆਂ ਦੀ ਹਿਮਾਇਤ ਕਰਦੀ ਹੈ।**
- ਆਦਿਵਾਸੀ ਬੱਚਿਆਂ ਦੀ ਭਲਾਈ ਦੇ ਮੌਜੂਦਾ ਦ੍ਰਿਸ਼ ਵਿਚਲੀਆਂ ਮਜ਼ਬੂਤੀਆਂ ਅਤੇ ਚੁਣੌਤੀਆਂ ਨੂੰ ਉਜਾਗਰ ਕਰਨ ਲਈ ਖੋਜ ਕਰਦੀ ਹੈ ਅਤੇ ਸਿਸਟਮ ਦੀ ਨਿਗਰਾਨੀ ਕਰਦੀ ਹੈ।
- ਖੋਜ ਦੀਆਂ ਪਹੁੰਚਾਂ ਦਾ ਪਤਾ ਲਾਉਣ ਲਈ ਫਸਟ ਨੇਸ਼ਨਜ਼, ਮੇਟੀਸ, ਇਨੂਇਟ ਅਤੇ ਸ਼ਹਿਰੀ ਆਦਿਵਾਸੀ ਤਰੀਕਿਆਂ ਨੂੰ ਲਾਗੂ ਕਰਦੀ ਹੈ ਅਤੇ ਇਸ ਨੂੰ ਆਰ ਸੀ ਵਾਈ ਭਰ ਵਿਚ ਲਾਗੂ ਕਰਨ ਲਈ ਉਤਸ਼ਾਹ ਦਿੰਦੀ ਹੈ।
- ਬੱਚਿਆਂ ਦੇ ਹੱਕਾਂ ਬਾਰੇ ਫਸਟ ਨੇਸ਼ਨਜ਼, ਮੇਟੀਸ, ਇਨੂਇਟ ਅਤੇ ਸ਼ਹਿਰੀ ਆਦਿਵਾਸੀ ਬੱਚਿਆਂ, ਜਵਾਨਾਂ, ਜਵਾਨ ਬਾਲਗਾਂ ਅਤੇ ਪਰਿਵਾਰਾਂ ਦੀ ਮਦਦ ਕਰਦੀ ਹੈ ਅਤੇ ਉਨ੍ਹਾਂ ਨਾਲ ਸਹਿਯੋਗ ਕਰਦੀ ਹੈ।
- ਐਕਸ਼ਨ ਅਤੇ ਇਨਸਾਫ਼ ਦੇ ਸੱਦਿਆਂ ਅਤੇ ਢੁਕਵੀਂਆਂ ਆਦਿਵਾਸੀ ਰਿਪੋਰਟਾਂ ਬਾਰੇ ਸਰਕਾਰ ਦੀ ਜਵਾਬਦੇਹੀ ਨੂੰ ਉਤਸ਼ਾਹ ਦਿੰਦੀ ਹੈ।**

* ਫਸਟ ਨੇਸ਼ਨਜ਼ ਦੀ ਉਚੇਰੀ ਪੜ੍ਹਾਈ ਅਤੇ ਖੋਜ ਦੇ 4 ਆਰਜ਼ ਤੋਂ ਅਪਣਾਇਆ (ਕਿਰਕਨੈੱਸ ਅਤੇ ਬਾਰਨਹਾਰਡਟ, 2002; ਰੇਸਟੂਲ, 2008)।
** ਟਰੁੱਥ ਐਂਡ ਰੀਕੌਨਸੀਲੇਸ਼ਨ ਕਮਿਸ਼ਨ, ਗੁੰਮਸ਼ੁਦਾ ਅਤੇ ਕਤਲ ਕਰ ਦਿੱਤੀਆਂ ਗਈਆਂ ਆਦਿਵਾਸੀ ਔਰਤਾਂ ਅਤੇ ਲੜਕੀਆਂ ਦੇ ਇਨਸਾਫ਼ ਲਈ ਐਕਸ਼ਨ ਅਤੇ ਨੈਸ਼ਨਲ ਇਨਕੁਆਰੀ ਦੀ ਮੰਗ ਕਰਦਾ ਹੈ।

ਮੁੱਖ ਦਫਤਰ
Suite 400, 1019 Wharf Street
Victoria, B.C.
V8W 2Y9
ਮੁੱਖ ਦਫਤਰ: 250-356-6710

ਟੋਲ-ਫ੍ਰੀ: 1-800-476-3933
ਟੈਕਸਟ: 1-778-404-7161
ਫੈਕਸ: 250-356-0837
ਈਮੇਲ: rcy@rcybc.ca
ਵੈੱਬਸਾਈਟ: www.rcybc.ca

rcybc
rcybcyouth
@rcybc
@rcybcyouth
rcybcyouth